# ਪੰਜਾਬ ਐਜੂਸੈਟ ਸੁਸਾਇਟੀ

ਈ. ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.: 24/24/2015/ਪੀ.ਈ.ਐਸ/ਤਕਨੀਕੀ ਕੰਪਲੇਂਟ/ 7733
ਮਿਤੀ: ....5. ਮਈ, 2015.

ਵਿਸ਼ਾ: ਪੰਜਾਬ ਐਜੂਸੈਟ ਸੁਸਾਇਟੀ ਅਧੀਨ ਜਿਲ੍ਹਿਆਂ ਦੀਆਂ ਸੰਸਥਾਵਾਂ ਵਿੱਚ ਲਗਾਏ ਇਕੁਪਮੈਂਟ (ਜੋ ਵਰੰਟੀ/ਏ.ਐਮ.ਸੀ ਅਧੀਨ ਨਹੀਂ ਹਨ) ਦੀ ਰਿਪੇਅਰ ਅਤੇ ਮੇਨਟੇਨੈਂਸ ਜਿਲ੍ਹਾ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੀ ਨਿਗਰਾਨੀ ਹੇਠ ਕਰਨ ਸਬੰਧੀ।

ਹਵਾਲਾ: ਪੱਤਰ ਨੰ. 24/24/2008/ਆਰ.ਓ.ਟੀ ਕੰਪਲੈਂਟਸ/3710-11, ਮਿਤੀ 02.02.2013 ਦੀ ਲਗਾਤਾਰਤਾ ਵਿੱਚ।

1.0 ਹਵਾਲਾ ਅਧੀਨ ਪੱਤਰ ਰਾਹੀਂ ਜੋ ਆਰ.ਓ.ਟੀਜ਼ ਵਰੰਟੀ/ਏ.ਐਮ.ਸੀ ਅਧੀਨ ਨਹੀਂ ਹਨ ਦੀ ਸਾਂਭ-ਸੰਭਾਲ ਅਤੇ ਰਿਪੇਅਰ ਜਿਲ੍ਹਾ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੀ ਨਿਗਰਾਨੀ ਹੇਠ ਗਠਿਤ ਕਮੇਟੀ ਰਾਹੀਂ ਕਰਵਾਏ ਜਾਣ ਸਬੰਧੀ ਹਦਾਇਤ ਕੀਤੀ ਗਈ ਸੀ।

1.1 ਐਜੂਸੈਟ ਅਧੀਨ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿੱਚ ਇੰਸਟਾਲ ਕੀਤੇ ਉਹਨਾਂ ਉਪਕਰਣਾ/ਆਈਟਮਾਂ, ਜੋ ਵਰੰਟੀ ਅਧੀਨ ਨਹੀਂ ਹਨ, ਦੀ ਏ.ਐਮ.ਸੀ ਕਰਵਾਉਣ ਸਬੰਧੀ ਉਪਰਾਲਾ ਕੀਤਾ ਜਾ ਰਿਹਾ ਹੈ। ਦੂਜੇ ਫੇਜ਼ ਦੇ ਆਰ.ਓ.ਟੀ ਦੇ ਐਲ.ਈ.ਡੀ ਅਤੇ ਯੂ.ਪੀ.ਐਸ ਦੀ ਵਰੰਟੀ ਇੰਸਟਾਲੇਸ਼ਨ ਦੀ ਮਿਤੀ ਤੋਂ ਤਿੰਨ ਸਾਲ ਤੱਕ ਹੈ ਪ੍ਰੰਤੂ ਇਸ ਨਾਲ ਸਬੰਧਤ ਹੋਰ ਸਾਰੇ ਸਿਸਟਮ ਦੀ ਵਰੰਟੀ ਖਤਮ ਹੋ ਜਾਣ ਕਾਰਣ ਇਸ ਦੀ ਸਾਂਭ-ਸੰਭਾਲ (ਰਿਪੇਅਰ ਅਤੇ ਮੇਨਟੇਨੈਂਸ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੀ ਨਿਗਰਾਨੀ ਹੇਠ ਗਠਿਤ ਕਮੇਟੀ ਵੱਲੋਂ ਕੀਤੀ ਜਾਵੇਗੀ। ਇਸ ਕਮੇਟੀ ਵਿੱਚ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਸਬੰਧਤ ਸਕੂਲ ਦਾ ਮੁੱਖੀ ਅਤੇ ਉਸੇ ਸਕੂਲ ਦਾ ਇੱਕ ਕੰਪਿਊਟਰ ਅਧਿਆਪਕ ਹੋਵੇਗਾ। ਇਹਨਾਂ ਉਪਕਰਣਾ/ਆਈਟਮਾਂ ਦੀ ਜਰੂਰਤ ਅਨੁਸਾਰ ਰਿਪੇਅਰ ਕਰਵਾਉਣ ਉਪਰੰਤ ਉਸ ਦਾ ਖਰਚਾ ਰੀਇੰਬਰਸ ਕਰਵਾਉਣ ਸਬੰਧੀ ਤਜਵੀਜ਼/ਕੇਸ ਨਿਯਮਾਂ ਅਨੁਸਾਰ ਤਿਆਰ ਕਰਕੇ ਸਟੇਟ ਆਫਿਸ ਨੂੰ ਭੇਜਿਆ ਜਾਵੇ।

1.2 ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਜਿਲ੍ਹਾ ਐਜੂਸੈਟ ਕੋਆਰਡੀਨੇਟਰ ਰਾਹੀਂ ਐਜੂਸੈਟ ਨੈਟਵਰਕ ਨਾਲ ਸਬੰਧਤ ਚਾਲੂ ਆਰ.ਓ.ਟੀਜ਼ ਦੀ ਹਫਤਾਵਾਰ ਸੂਚਨਾ ਇਸ ਦਫਤਰ ਨੂੰ ਈ-ਮੇਲ (edusat.punjab@gmail.com) ਰਾਹੀਂ ਹਫਤੇ ਦੇ ਆਖਿਰੀ ਦਿਨ ਭੇਜੇਗਾ ਅਤੇ ਇਸ ਦੀ ਰਿਪੋਰਟ ਸਟੇਟ ਪੱਧਰ ਤੇ ਹੋਣ ਵਾਲੀ ਮਹੀਨਾਵਾਰ ਮੀਟਿੰਗ ਵਿੱਚ ਪੇਸ਼ ਕਰੇਗਾ। ਇਸ ਰਿਪੋਰਟ (ਨੱਥੀ ਪ੍ਰੋਫਾਰਮੇ ਅਨੁਸਾਰ) ਵਿੱਚ ਖਰਾਬ ਹੋਣ ਉਪਰੰਤ ਚਾਲੂ ਕਰਵਾਏ ਇਕੁਪਮੈਂਟ ਦਾ ਵੇਰਵਾ ਵੀ ਸ਼ਾਮਿਲ ਹੋਵੇਗਾ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/24/2015/ਪੀ.ਈ.ਐਸ/ਤਕਨੀਕੀ ਕੰਪਲੇਂਟ/ 7734 ਮਿਤੀ: 5/6/15

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਸਰਕਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
4. ਡਿਪਟੀ ਐਸ.ਪੀ.ਡੀ.ਐਜੂਸੈਟ।
5. ਏ.ਜੀ.ਐਮ.(ਵਿੱਤ), ਵਿਸ਼ਾ ਮਾਹਿਰ ਅਤੇ ਤਕਨੀਕੀ ਸਟਾਫ ਐਜੂਸੈਟ।
6. ਸਮੂਹ ਸਰਕਲ/ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ।
7. ਡੀ.ਐਮ.(ਐਮ.ਆਈ.ਐਸ) ਨੂੰ ਵੈਬਸਾਈਟ ਤੇ ਉਪਲਬਧ ਕਰਵਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

**Weekly Network Status Proforma (ROTs)**
**(To be sent on the first working day of the week for the last week)**

**District:** ______________ **Date:** ____________

| Sr. No. | Total ROTs | Number of non-functional ROTs as on the last day of the previous week | Number of ROTs made functional during last week by District Edusat Team | Number of ROTs functional as on last day of the previous week | Remarks |
|---|---|---|---|---|---|
| | | | | | |
| | | | | | |
| | | | | | |
| | | | | | |
| | | | | | |

**District Edusat Coordinator**
**(Name and Mobile No.)**

**District Education Officer (SE)**
**(Name & Mobile No.)**